# ਭਗਤ ਜੈਦੇਵ - ਸਬਦ ੨

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥

ਰਾਗੁ ਮਾਰੂ, ਭਗਤ ਜੈਦੇਵ, ਗੁਰੂ ਗ੍ਰੰਥ ਸਾਹਿਬ, ੧੧੦੬

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਮਨ ਆਦਿ ਗੁਣ ਆਦਿ ਵਖਾਣਿਆ ॥
ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥
ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥

ਸਾਰ: ਸ਼ਾਂਤਮਈ ਜਾਗਰੂਕਤਾ ਦੀ ਸਥਿਰ ਤਾਲ ਮਜ਼ਬੂਤ ਅੰਤਰੀਵੀ ਨੀਂਹ ਦੀ ਸਿਰਜਨਾ ਕਰਦੀ ਹੈ ਜਿੱਥੇ ਪ੍ਰਤੀਕ੍ਰਿਆਵਾਂ ਢਿੱਲੀਆਂ ਪੈ ਜਾਂਦੀਆਂ ਹਨ, ਅਤੇ ਨਜ਼ਰੀਏ ਵਿਚ ਵਧੇਰੇ ਪਰਪੱਕਤਾ ਆਉਂਦੀ ਹੈ। ਇਹ ਸ਼ਾਂਤਮਈ ਅਵਸਥਾ ਮਨ ਨੂੰ ਡਗਮਗਾਹਟ ਤੋਂ ਬਚਾਉਂਦੀ ਹੋਈ ਜੀਵਨ ਦੀਆਂ ਬਦਲਦੀਆਂ ਰੁੱਤਾਂ ਵਿਚਕਾਰ ਸਹਿਜਤਾ ਨੂੰ ਬਹਾਲ ਰੱਖਣ ਵਿਚ ਮਦਦ ਕਰਦੀ ਹੈ। ਇਸ ਦੇ ਨਾਲ ਹੀ ਬਿਬੇਕ ਲਈ ਉਤਸ਼ਾਹਿਤ ਕਰਨ ਵਾਲੀ ਊਰਜਾ ਜੀਵਨ ਨੂੰ ਉਦੇਸ਼ ਕੇਂਦਰਿਤ ਬਣਾਉਂਦੀ ਹੈ। ਇਸ ਨਾਲ ਮਿਲੀ ਸੂਝ ਕਰਮਾਂ ਦਾ ਮਾਰਗਦਰਸ਼ਨ ਕਰਦੀ ਹੋਈ ਇਹ ਯਕੀਨਨ ਬਣਾਉਂਦੀ ਹੈ ਕਿ ਕਿਸੇ ਪ੍ਰਤੀਕਿਰਿਆ ਨਾਲੋਂ ਸੁਹਿਰਦਤਾ ਵਿਚ ਦਿਤਾ ਜ਼ਵਾਬ ਵਧੇਰੇ ਗੁਣਕਾਰੀ ਹੁੰਦਾ ਹੈ। ਇਹ ਦੋਵੇਂ ਗੁਣ ਸੰਗਤੀ ਰੂਪ ਵਿਚ ਕਰਮ ਕਰਦੇ ਹੋਏ, ਇਕ ਸਾਂਤ ਦੂਸਰਾ ਜੀਵਨ ਨੂੰ ਕਰਮਸ਼ੀਲ ਬਣਾਉਂਦਾ ਹੈ। ਜਿਸ ਨਾਲ ਸੰਪੂਰਨ ਸ਼ਮੂਲੀਅਤ ਅੰਤਰੀਵੀ ਸਥਿਰਤਾ ਨੂੰ ਸੁਰੱਖਿਅਤ ਰੱਖਦੀ ਹੋਈ ਹੈ ਅੰਤ ਵਿਚ ਜੀਵਨ ਨੂੰ ਪੂਰਤੀ ਵੱਲ ਲੈ ਜਾਂਦੀ ਹੈ।

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥

ਜਦੋਂ ਸੱਚ ਨੂੰ ਸਾਹ ਵਾਂਗ ਅੰਦਰ ਖਿੱਚਿਆਂ ਜਾਂਦਾ ਹੈ, ਤਾਂ ਫਿਰ ਸੱਚ ਦੀ ਗੂੰਜ ਸਾਹ ਦੀ ਤਰ੍ਹਾਂ ਅੰਦਰ ਗੂੰਜਦੀ ਹੈ ਅਤੇ ਸੱਚ ਹੀ ਸਾਹ ਦਾ ਰੂਪ ਹੋ ਬਾਹਰ ਨਿਕਲਦਾ ਹੈ, ਜਿਸ ਨਾਲ ਨਿਰੰਤਰ ਲੈ ਅਤੇ ਤਾਲ ਦਾ ਨਾਦ ਸ਼ੁਰੂ ਹੁੰਦਾ ਹੈ। ਯੋਗ ਸਾਧਨਾ ਅੰਦਰ ਚੰਦ (ਚੰਦਰਮਾ) ਅਤੇ ਸੂਰ (ਸੂਰਜ) ਦੀ ਦਿੱਤੀ ਇਹ ਉਦਾਹਰਣ,

ਸ਼ਾਂਤ ਕਰਨ ਵਾਲੀ ਜਾਗਰੂਕਤਾ ਅਤੇ ਉਤਸ਼ਾਹਿਤ ਕਰਨ ਵਾਲੇ ਬਿਬੇਕ ਦੇ ਨਿਰੰਤਰ ਪ੍ਰਵਾਹ ਦਾ ਮੁਜਸਮਾ ਬਣ ਜਾਣ ਨੂੰ ਦਰਸਾਉਂਦੇ ਹਨ, ਜੋ ਸੰਗਤੀ ਰੂਪ ਵਿਚ ਜੀਵਨ ਨੂੰ ਅਰਥ ਭਰਪੂਰ ਬਣਾਉਂਦੇ ਹਨ।

ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥੧॥
ਕਮਜ਼ੋਰੀ ਅਤੇ ਤਾਕਤ ਵਿਚ ਇਕਸੁਰਤਾ ਪੈਦਾ ਹੁੰਦੀ ਹੈ; ਗਤੀ ਅਤੇ ਖੜੋਤ ਸਥਿਰਤਾ ਦੇ ਘਰ ਵਿਚ ਟਿਕ ਜਾਂਦੇ ਹਨ; ਨਿਰਾਕਾਰ ਪਰਿਭਾਸ਼ਿਤ ਹੋ ਜਾਂਦਾ ਹੈ, ਫਿਰ ਮੈਂ ਜੀਵਨ ਦੇ ਦੈਵੀ ਅੰਮ੍ਰਿਤ ਦਾ ਸੁਆਦ ਚੱਖਦਾ ਹਾਂ। ਇਹ ਰੁਪਾਂਤ੍ਰਣ ਦਰਸਾਉਂਦਾ ਹੈ ਕਿ ਜਦੋਂ ਵਿਰੋਧੀ ਸੁਰ ਇਕ ਦੂਜੇ ਵਿਚ ਲੀਨ ਹੋ ਜਾਂਦੇ ਹਨ, ਤਾਂ ਸਾਡੇ ਅੰਦਰ ਪੂਰਤਨਾ ਦੀ ਗੰਭੀਰ ਭਾਵਨਾ ਦਾ ਖੇੜਾ ਆਉਂਦਾ ਹੈ। (੧)

ਮਨ ਆਦਿ ਗੁਣ ਆਦਿ ਵਖਾਣਿਆ ॥
ਮਨ ਹੋਂਦ ਦੇ ਮੁੱਢਲੇ ਗੁਣਾਂ ਨੂੰ ਪ੍ਰਗਟ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਜਦੋਂ ਸਪਸ਼ਟਤਾ ਗੰਭੀਰ ਹੁੰਦੀ ਹੈ, ਤਾਂ ਮਨ ਸਿੱਖੇ ਹੋਏ ਢਾਂਚਿਆਂ ਦੀ ਬਜਾਏ ਆਪਣੇ ਮੂਲ, ਬਿਨਾਂ ਸ਼ਰਤ ਸੁਭਾਅ ਦੇ ਅਨੁਕੂਲ ਹੋ ਜਾਂਦਾ ਹੈ।

ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥੧॥ ਰਹਾਉ ॥
ਤੁਹਾਡੀ ਸੰਦੇਹ ਦੀ ਸਥਿਤੀ ਜਿਸ ਵਿਚ ਦਵੈਤ ਦੀ ਕਲਪਨਾ ਕੀਤੀ ਗਈ ਸੀ, ਖਤਮ ਹੋ ਗਈ ਹੈ। ਇਹ ਭਾਵ ਅੰਤਰੀਵੀ ਵੰਡ ਦੇ ਏਕੀਕ੍ਰਿਤ ਦ੍ਰਿਸ਼ਟੀਕੋਣ ਵਿਚ ਲੀਨ ਹੋਣ ਦਾ ਸੰਕੇਤ ਹੈ, ਜਿੱਥੇ ਟਕਰਾਅ ਇਕਸਾਰਤਾ ਅਤੇ ਸਹਿਜਤਾ ਵਿਚ ਬਦਲ ਜਾਂਦਾ ਹੈ। (੧) (ਠਹਿਰਾਉ)

ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥
ਮੈਂ ਉਸ ਏਕਤਾ ਪ੍ਰਤੀ ਸਮਰਪਿਤ ਹਾਂ ਜੋ ਸਮਰਪਣ ਦੇ ਯੋਗ ਹੈ। ਮੈਂ ਉਸ ਏਕਤਾ ਉੱਤੇ ਭਰੋਸਾ ਰੱਖਦਾ ਹਾਂ ਜੋ ਭਰੋਸੇ ਦੇ ਯੋਗ ਹੈ, ਜਿਵੇਂ ਪਾਣੀ ਪਾਣੀ ਵਿਚ ਬਿਨਾ ਕਿਸੇ ਭੇਦ ਲੀਨ ਹੋ ਜਾਂਦਾ ਹੈ। ਇਹ ਭਾਵ ਪੂਰਨ ਏਕੀਕਰਨ ਦਾ ਪ੍ਰਤੀਕ ਹੈ, ਜਿੱਥੇ ਵੱਖਰੇਂਵੇ ਦੀਆਂ ਹੱਦਾਂ ਮਿਟ ਜਾਂਦੀਆਂ ਹਨ ਅਤੇ ਸਭ ਕੁਝ ਇਕ ਸਾਂਝੀ ਨਿਰੰਤਰਤਾ ਵਿਚ ਟਿਕ ਜਾਂਦਾ ਹੈ।

ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥੨॥੧॥

ਜੈਦੇਵ ਕਹਿੰਦੇ ਹਨ ਕਿ ਸਰਬਵਿਆਪੀ ਏਕਤਾ ਵਿਚ ਲੀਨ ਹੋਣ ਨਾਲ, ਜੈਦੇਵ ਨੇ ਅਜਿਹੀ ਜਾਗਰੂਕਤਾ ਪ੍ਰਾਪਤ ਕੀਤੀ ਹੈ ਜੋ ਰੂਪ ਤੋਂ ਪਰੇ ਬੇਅੰਤ ਸਥਿਰਤਾ ਵਿਚ ਵਲੀਨ ਹੋ ਜਾਂਦੀ ਹੈ। ਇਹ ਭਾਵ ਏਕੀਕਰਨ ਨੂੰ ਦਰਸਾਉਂਦਾ ਹੈ, ਜਿਸ ਵਿਚ ਨਿੱਜਤਵ ਸੁੰਦਰਤਾ ਨਾਲ ਹੋਂਦ ਦੀ ਵਿਸ਼ਾਲ ਏਕਤਾ ਵਿਚ ਅਭੇਦ ਹੋ ਜਾਂਦਾ ਹੈ।(੨)(੧)

ਤੱਤ: ਭਗਤ ਜੈਦੇਵ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਏਕਤਾ ਨੂੰ ਅੰਗੀਕਾਰ ਕਰਨਾ, ਸਾਡੇ ਸਤਿਕਾਰ, ਵਿਸ਼ਵਾਸ ਅਤੇ ਨੇੜਤਾ ਦਾ ਹੱਕਦਾਰ ਹੈ। ਇਸ ਸਰਵ-ਵਿਆਪੀ ਏਕਤਾ ਅੱਗੇ ਸਮਰਪਣ ਕਰਕੇ, ਅਸੀਂ ਗੂੜ੍ਹ ਜਾਗਰੂਕਤਾ ਨੂੰ ਪ੍ਰਾਪਤ ਕਰਦੇ ਹਾਂ ਜੋ ਭੌਤਿਕ ਰੂਪ ਤੋਂ ਪਰੇ ਹੁੰਦੀ ਹੈ, ਅਤੇ ਸਾਨੂੰ ਬਿਬੇਕ ਦੇ ਅਨੰਤ ਸੋਮੇ ਵੱਲ ਲੈ ਜਾਂਦੀ ਹੈ। ਰੁਪਾਂਤ੍ਰਣ ਦੀ ਇਹ ਯਾਤਰਾ ਏਕੀਕਰਨ ਨੂੰ ਦਰਸਾਉਂਦੀ ਹੈ, ਜਿੱਥੇ ਸਾਡੀਆਂ ਵਿਲੱਖਣ ਪਛਾਣਾਂ ਇਕਸੁਰਤਾ ਨਾਲ ਹੋਂਦ ਦੀ ਵਿਸ਼ਾਲ ਏਕਤਾ ਵਿਚ ਅਭੇਦ ਹੋ ਜਾਂਦੀਆਂ ਹਨ। ਇਹ ਖੇਡ ਜੀਵਨ ਦੇ ਸਾਡੇ ਸਮੂਹਿਕ ਅਨੁਭਵ ਨੂੰ ਅਰਥਪੂਰਨ ਤਰੀਕਿਆਂ ਨਾਲ ਅੱਗੇ ਵਧਾਉਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**